# ਪ੍ਰਧਾਨ ਮੰਤਰੀ ਦੀ ਗ੍ਰੀਸ ਦੇ ਰਾਸ਼ਟਰਪਤੀ ਨਾਲ ਮੁਲਾਕਾਤ

25 ਅਗਸਤ, 2023

ਪ੍ਰਧਾਨ ਮੰਤਰੀ ਨੇ 25 ਅਗਸਤ 2023 ਨੂੰ ਏਥਨਜ਼ ਵਿੱਚ ਗ੍ਰੀਸ ਦੀ ਰਾਸ਼ਟਰਪਤੀ ਮਾਣਯੋਗ ਸ਼੍ਰੀਮਤੀ ਕੈਟੇਰੀਨਾ ਐਨ. ਸਾਕੇਲਾਰੋਪੋਲੂ ਨਾਲ ਮੁਲਾਕਾਤ ਕੀਤੀ।

2. ਪ੍ਰਧਾਨ ਮੰਤਰੀ ਨੇ ਗ੍ਰੀਸ ਦੇ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਦੁਖਦਾਈ ਘਟਨਾਵਾਂ ਵਿੱਚ ਜਾਨੀ ਅਤੇ ਮਾਲੀ ਨੁਕਸਾਨ 'ਤੇ ਸੋਗ ਪ੍ਰਗਟ ਕੀਤਾ।

3. ਰਾਸ਼ਟਰਪਤੀ ਸਾਕੇਲਾਰੋਪੋਲੂ ਨੇ ਚੰਦਰਯਾਨ ਮਿਸ਼ਨ ਦੀ ਸਫਲਤਾ 'ਤੇ ਪ੍ਰਧਾਨ ਮੰਤਰੀ ਨੂੰ ਵਧਾਈ ਦਿੱਤੀ।

4. ਦੋਵਾਂ ਨੇਤਾਵਾਂ ਨੇ ਲੋਕਤੰਤਰ, ਆਜ਼ਾਦੀ ਅਤੇ ਕਾਨੂੰਨ ਦੇ ਸ਼ਾਸਨ ਵਰਗੀਆਂ ਸਾਂਝੀਆਂ ਕਦਰਾਂ-ਕੀਮਤਾਂ ਨੂੰ ਯਾਦ ਕੀਤਾ। ਉਨ੍ਹਾਂ ਨੇ ਟਿਕਾਊ ਵਿਕਾਸ, ਔਰਤਾਂ ਦੀ ਅਗਵਾਈ ਵਾਲੇ ਵਿਕਾਸ, ਭਾਰਤ ਦੀ ਜੀ-20 ਪ੍ਰਧਾਨਗੀ ਅਤੇ ਭਾਰਤ-ਗ੍ਰੀਸ ਸਬੰਧਾਂ ਨੂੰ ਡੂੰਘੇ ਕਰਨ ਵਾਲੇ ਮਾਮਲਿਆਂ 'ਤੇ ਵੀ ਚਰਚਾ ਕੀਤੀ।

**ਏਥਨਜ਼**
**25 ਅਗਸਤ, 2023**